International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

# ਸਮਾਜ ਦੇ ਪਛੜੇ ਵਰਗ ਲਈ ਸਮਾਜਿਕ ਨਿਆਂ

**ਡਾ. ਦਿਲਬਾਰਾ ਸਿੰਘ ਬਾਜਵਾ**

**ਖਾਲਸਾ ਕਾਲਜ ਗੜ੍ਹਦੀਵਾਲਾ**

---

ਸਮਾਜਿਕ ਨਿਆਂ ਇਕ ਜੁਝਾਰੂ ਸੰਕਲਪ ਹੈ, ਜਿਹੜਾ ਸਾਡੇ ਜੀਵਨ ਵਿੱਚ ਵਿਚਰਨ ਲਈ ਕਾਇਦੇ ਕਾਨੂੰਨ ਅਨੁਸਾਰ ਰਹਿਣਾ ਸਿਖਾਉਂਦਾ ਹੈ। ਜਦੋਂ ਕਿ ਭਾਰਤੀ ਸਮਾਜਿਕ ਨਿਆਂ ਪ੍ਰਣਾਲੀ ਵਿਚ ਬਹੁਤ ਨਾ ਬਰਾਬਰੀ ਹੈ ਤੇ ਸਮਾਜਿਕ ਨਿਆਂ ਦੁਆਰਾ ਹੀ ਇਸ ਨਾ-ਬਰਾਬਰੀ ਨੂੰ ਖਤਮ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਅਨੁਸੂਚਿਤ ਜਾਤੀ, ਜਨ-ਜਾਤੀ, OBC ਕਲਾਸਿਸ ਅਤੇ ਔਰਤਾਂ ਦੀ ਆਬਾਦੀ ਹਿੰਦੂ ਜਨਸੰਖਿਆ ਦੀ 95% ਹੈ। ਏਨੀ ਵੱਡੀ ਜਨ-ਸੰਖਿਆ ਨੂੰ ਜਾਤੀਵਾਦ ਦੀਆਂ ਮਾਨਤਾਵਾਂ ਅਧੀਨ ਹਿੰਦੂ ਸ਼ਾਸਤਰਾਂ ਵਿੱਚ ਘੋਰ ਨਿਰਾਦਰ ਨਾਲ ਪ੍ਰਗਟ ਕੀਤਾ ਗਿਆ ਹੈ। ਪੁਰਾਤਨ ਸਮੇਂ ਦੇ ਸਾਰੇ ਧਰਮ ਹੀ ਇਸਤਰੀ ਜਾਤੀ ਨੂੰ ਨਿੰਦਦੇ ਰਹੇ ਹਨ। ਡਾ. ਭੀਮ ਰਾਓ ਅੰਬੇਦਕਰ ਨੇ ਇਨ੍ਹਾਂ ਸਾਰੀਆਂ ਕੁਰੀਤੀਆਂ ਨੂੰ ਖਤਮ ਕਰਨ ਲਈ, ਛੂਤ-ਛਾਤ ਦਾ ਭੇਦ-ਭਾਵ ਮਿਟਾਉਣ ਲਈ ਅਤੇ ਔਰਤਾਂ ਦੀ ਦਸ਼ਾ ਨੂੰ ਸੁਧਾਰਨ ਲਈ ਸੰਸਾਰ ਭਰ ਦੇ ਸਾਰੇ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰਨ ਤੋਂ ਬਾਅਦ, ਉਨ੍ਹਾਂ ਕਾਨੂੰਨਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ, ਜਿਨ੍ਹਾਂ ਨਾਲ ਉਪਰੋਕਤ ਕੁਰੀਤੀਆਂ ਜੋ ਹਿੰਦੂ ਸ਼ਾਸਤਰਾਂ ਵਿਚ ਸਨ, ਨੂੰ ਖਤਮ ਕੀਤਾ ਜਾ ਸਕੇ। ਸਮਾਜਿਕ ਨਿਆਂ ਤੋਂ ਭਾਵ ਹੈ ਕਿ ਭਾਰਤ ਦੇ ਸਾਰੇ ਵਸਨੀਕਾਂ ਨੂੰ ਬਿਨਾਂ ਕਿਸੇ ਸਮਾਜਿਕ ਭੇਦ-ਭਾਵ ਜਿਵੇਂ- ਜਾਤ, ਰੰਗ, ਨਸਲ, ਧਰਮ, ਲਿੰਗ ਆਦਿ ਦੇ ਸਭ ਨੂੰ ਬਰਾਬਰ ਸਮਝਿਆ ਜਾਵੇਗਾ।

**ਸਮਾਜਿਕ ਨਿਆਂ ਦਾ ਸੰਕਲਪ** - ਸਮਾਜਿਕ ਨਿਆਂ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 1840 ਈ. ਵਿਚ ਲਿਊਗੀ ਟਪਰੈਲੀ ਦੁਆਰਾ ਕੀਤੀ ਗਈ ਅਤੇ ਇਟਲੀ ਦੇ ਸੰਵਿਧਾਨ ਵਿਚ 1848 ਈ. ਵਿਚ ਇਸ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਗਿਆ।

ਸਮਾਜਿਕ ਨਿਆਂ ਇਕ ਜੁਝਾਰੂ ਸੰਕਲਪ ਹੈ, ਜਿਹੜਾ ਸਾਡੇ ਜੀਵਨ ਵਿੱਚ ਵਿਚਰਨ ਲਈ ਕਾਇਦੇ ਕਾਨੂੰਨ ਅਨੁਸਾਰ ਰਹਿਣਾ ਸਿਖਾਉਂਦਾ ਹੈ। ਜਦੋਂ ਕਿ ਭਾਰਤੀ ਸਮਾਜਿਕ ਨਿਆਂ ਪ੍ਰਣਾਲੀ ਵਿਚ ਬਹੁਤ ਨਾ ਬਰਾਬਰੀ ਹੈ ਤੇ ਸਮਾਜਿਕ ਨਿਆਂ ਦੁਆਰਾ ਹੀ ਇਸ ਨਾ-ਬਰਾਬਰੀ ਨੂੰ ਖਤਮ ਕੀਤਾ ਜਾ ਸਕਦਾ ਹੈ।

ਭਾਰਤੀ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਨੂੰ ਸਮਾਜਿਕ ਨਿਆਂ ਪ੍ਰਣਾਲੀ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਲਈ ਹੀ ਉਸਨੂੰ 'ਮੈਨ ਆਫ ਮਿਲੇਨੀਅਮ ਫਾਰ ਸੋਸ਼ਿਲ ਜਸਟਿਜ' ਦਾ ਖਿਤਾਬ ਦਿੱਤਾ ਗਿਆ।

ਭਾਰਤ ਵਿੱਚ ਅਨੁਸੂਚਿਤ ਜਾਤੀ, ਜਨ-ਜਾਤੀ, OBC ਕਲਾਸਿਸ ਅਤੇ ਔਰਤਾਂ ਦੀ ਆਬਾਦੀ ਹਿੰਦੂ ਜਨਸੰਖਿਆ ਦੀ 95% ਹੈ। ਏਨੀ ਵੱਡੀ ਜਨ-ਸੰਖਿਆ ਨੂੰ ਜਾਤੀਵਾਦ ਦੀਆਂ ਮਾਨਤਾਵਾਂ ਅਧੀਨ ਹਿੰਦੂ ਸ਼ਾਸਤਰਾਂ ਵਿੱਚ ਘੋਰ ਨਿਰਾਦਰ ਨਾਲ ਪ੍ਰਗਟ ਕੀਤਾ ਗਿਆ ਹੈ। ਪੁਰਾਤਨ ਸਮੇਂ ਦੇ ਸਾਰੇ ਧਰਮ ਹੀ ਇਸਤਰੀ ਜਾਤੀ ਨੂੰ ਨਿੰਦਦੇ ਰਹੇ ਹਨ ਜਿਵੇਂ - ਈਸਾਈ,-ਸੇਂਟਪਾਲ ਬਾਈਬਲ ਵਿਚ ਕਹਿੰਦੇ ਹਨ ਕਿ, 'ਗੁਨਾਹਾਂ ਦੀ ਜੜ੍ਹ ਇਸਤਰੀ ਹੈ। ਔਰਤ ਰੱਬ ਦੀ ਹੁਸੀਨ ਗਲਤੀ ਹੈ।' ਇਸਲਾਮ ਕਹਿੰਦਾ ਹੈ ਕਿ, 'ਇਸਤਰੀ ਕਦੀ ਵੀ ਘਰ ਦੀ ਮੁੱਖੀ ਨਹੀਂ ਬਣ ਸਕਦੀ। ਮਸਜਿਦ ਵਿਚ ਉਪਦੇਸ਼ ਨਹੀਂ ਦੇ ਸਕਦੀ। ਬੁੱਧ-ਮੱਤ ਕਹਿੰਦਾ ਹੈ ਕਿ, 'ਔਰਤ ਵਿਚ ਰੂਹ ਨਹੀਂ ਹੁੰਦੀ। ਇਸਤਰੀ ਭਿਕਸ਼ ਨਹੀਂ ਬਣ ਸਕਦੀ।' ਜੈਨਮੱਤ ਕਹਿੰਦਾ ਹੈ ਕਿ, 'ਔਰਤ ਦੀ ਮੁਕਤੀ ਨਹੀਂ ਹੋ ਸਕਦੀ। ਨਿਰਵਾਣ ਲਈ ਉਸਨੂੰ ਦੁਬਾਰਾ ਮਰਦ ਵਜੋਂ ਜਨਮ ਲੈਣਾ ਪਵੇਗਾ। ' ਇਨ੍ਹਾਂ ਸਾਰਿਆਂ ਦੇ ਵਿਪਰੀਤ ਸਿੱਖ ਧਰਮ ਕਹਿੰਦਾ ਹੈ ਕਿ, 'ਜਿਸਨੇ ਪੀਰ, ਪੈਗੰਬਰ, ਰਾਜੇ ਜੰਨਮੇ, ਉਸਨੂੰ ਮੰਦਾ ਕਿਵੇਂ ਕਹਿ ਸਕਦਾ ਹਾਂ। ' ਇਥੇ ਗੁਰੂ ਨਾਨਕ ਦੇਵ ਜੀ ਨੇ ਅਰਤ ਦੇ ਸਮਾਜਿਕ ਨਿਆਂ ਦੀ ਸ਼ੁਰੂਆਤ ਕਰ ਦਿੱਤੀ ਸੀ।

ਇਸ ਉਪਰੰਤ ਬਾਕੀ ਗੁਰੂ ਸਾਹਿਬਾਨ ਨੇ ਵੀ ਸਮਾਜਿਕ ਨਿਆਂ ਦੇ ਹੱਕ ਵਿਚ ਭਰਭੂਰ ਯੋਗਦਾਨ ਪਾਇਆ। ਇਸ ਤੋਂ ਇਲਾਵਾ ਕਾਰਲ ਮਾਰਕਸ ਨੇ ਆਪਣੇ ਮਾਰਕਸਵਾਦੀ ਸਿਧਾਂਤ ਰਾਹੀਂ ਦੱਬੀ-ਕੁਚਲੀ ਜਨਤਾ ਦੇ ਹੱਕ ਵਿਚ ਨਾਅਰਾ ਬੁਲੰਦ ਕੀਤਾ। ਉਸਨੇ ਕਿਰਤੀ ਸ਼੍ਰੇਣੀ ਨੂੰ ਸੰਘਰਸ਼ ਰਾਹੀਂ ਆਪਣੇ ਹੱਕ ਲੈਣ ਲਈ ਪ੍ਰੇਰਿਆ। ਉਸ ਦੇ ਵਿਚਾਰ ਅਨੁਸਾਰ ਜਦੋਂ ਗਰੀਬੀ ਤੇ ਅਮੀਰੀ ਦਾ ਪਾੜਾ ਇੰਨਾ ਜਿਆਦਾ ਵੱਧ ਜਾਵੇਗਾ ਕਿ ਗਰੀਬ ਵਰਗ ਬੁਰੀ ਤਰ੍ਹਾਂ ਲਿਤਾੜਿਆ ਜਾ ਰਿਹਾ ਹੋਵੇਗਾ ਤਾਂ ਸਮਾਜ ਵਿਚ ਉਥਲ-ਪੁਥਲ ਹੋਵੇਗੀ ਅਤੇ ਇਹ ਅਮੀਰ ਵਰਗ ਲਈ ਘਾਤਕ ਸਿੱਧ ਹੋਵੇਗੀ। ਉਸ ਅਨੁਸਾਰ ਤੱਕੜੀ ਦੇ ਪੱਲੜੇ ਵਾਂਗ ਗਰੀਬੀ-ਅਮੀਰੀ ਦਾ ਪਾੜਾ ਜੇਕਰ ਵਧਦਾ ਗਿਆ ਤਾਂ ਇੱਕ ਦਿਨ ਤੱਕੜੀ ਉਲਟ-ਪੁਲਟ ਹੋ ਜਾਵੇਗੀ।

ਉਪਰੋਕਤ ਦੇ ਸੰਦਰਭ ਵਿਚ ਹੀ ਡਾ. ਭੀਮ ਰਾਓ ਅੰਬੇਦਕਰ ਨੇ ਇਨ੍ਹਾਂ ਸਾਰੀਆਂ ਕੁਰੀਤੀਆਂ ਨੂੰ ਖਤਮ ਕਰਨ ਲਈ, ਛੂਤ-ਛਾਤ ਦਾ ਭੇਦ-ਭਾਵ ਮਿਟਾਉਣ ਲਈ ਅਤੇ ਔਰਤਾਂ ਦੀ ਦਸ਼ਾ ਨੂੰ ਸੁਧਾਰਨ ਲਈ ਸੰਸਾਰ ਭਰ ਦੇ ਸਾਰੇ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰਨ ਤੋਂ ਬਾਅਦ, ਉਨ੍ਹਾਂ ਕਾਨੂੰਨਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ, ਜਿਨ੍ਹਾਂ ਨਾਲ ਉਪਰੋਕਤ ਕੁਰੀਤੀਆਂ ਜੋ ਹਿੰਦੂ ਸ਼ਾਸਤਰਾਂ ਵਿਚ ਸਨ, ਨੂੰ ਖਤਮ ਕੀਤਾ ਜਾ ਸਕੇ। ਸਮਾਜਿਕ ਨਿਆਂ ਤੋਂ ਭਾਵ ਹੈ ਕਿ ਭਾਰਤ ਦੇ ਸਾਰੇ ਵਸਨੀਕਾਂ ਨੂੰ ਬਿਨਾਂ ਕਿਸੇ ਸਮਾਜਿਕ ਭੇਦ-ਭਾਵ ਜਿਵੇਂ- ਜਾਤ, ਰੰਗ, ਨਸਲ, ਧਰਮ, ਲਿੰਗ ਆਦਿ ਦੇ ਸਭ ਨੂੰ ਬਰਾਬਰ ਸਮਝਿਆ ਜਾਵੇਗਾ। ਭਾਰਤੀ ਸੰਵਿਧਾਨ ਵਿਚ ਸਮਾਜਿਕ ਨਿਆਂ ਬਾਰੇ ਬਹੁਤ ਸਾਰੇ ਸਿਧਾਂਤ ਦਰਜ ਹਨ। ਪੰਡਿਤ ਜਵਾਹਰ ਲਾਲ ਨਹਿਰੂ ਨੇ ਭਾਰਤੀ ਸੰਵਿਧਾਨ ਕਮੇਟੀ ਸਾਹਮਣੇ ਕਿਹਾ ਸੀ ਕਿ "ਭਾਰਤੀ ਸੰਵਿਧਾਨ ਕਮੇਟੀ ਦਾ ਪਹਿਲਾ ਕੰਮ ਇਹ ਹੋਣਾ ਚਾਹੀਦਾ ਹੈ ਕਿ ਸੰਵਿਧਾਨ ਅਨੁਸਾਰ ਹਰ ਭਾਰਤੀ ਸੁਤੰਤਰ ਹੋਣਾ ਚਾਹੀਦਾ ਹੈ- ਆਪਣੇ ਗਰੀਬ ਨਾਗਰਿਕਾਂ ਨੂੰ ਭੋਜਨ ਅਤੇ ਕੱਪੜਾ ਮਿਲੇ, ਹਰ ਨਾਗਰਿਕ ਨੂੰ ਆਪਣੇ ਜੀਵਨ ਵਿਚ ਅੱਗੇ ਵੱਧਣ ਦੇ ਬਿਹਤਰ ਮੌਕੇ ਮਿਲਣ।"ਭਾਵੇਂ ਭਾਰਤੀ ਸੰਵਿਧਾਨ ਵਿਚ ਸਿੱਧੇ ਤੌਰ ਤੇ

e-ISSN: 2348-6848
p-ISSN: 2348-795X
Volume 05 Issue 12
April 2018

ਕਿਤੇ ਵੀ ਸਮਾਜਿਕ ਨਿਆਂ ਦੀ ਵਿਆਖਿਆ ਨਹੀਂ ਕੀਤੀ ਗਈ ਪ੍ਰੰਤੂ ਭਾਰਤੀ ਸੰਵਿਧਾਨ ਵਿਚ ਸਮਾਜਿਕ ਨਿਆਂ ਦੇ ਹਰ ਪਹਿਲੂ ਦਾ ਝਲਕਾਰਾ ਪੈਂਦਾ ਹੈ। ਭਾਰਤੀ ਸੰਵਿਧਾਨ ਆਪਣੇ ਹਰ ਵਾਸੀ ਨਾਲ ਇਹ ਵਾਅਦਾ ਕਰਦਾ ਹੈ ਕਿ ਉਸਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਨਿਆਂ ਮਿਲੇਗਾ, ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਮਿਲੇਗੀ। ਧਾਰਮਿਕ ਅਜ਼ਾਦੀ ਮਿਲੇਗੀ। ਹਰ ਭਾਰਤੀ ਨੂੰ ਸਮਾਜਿਕ ਸਮਾਨਤਾ ਮਿਲੇਗੀ।

ਭਾਰਤੀ ਸੰਵਿਧਾਨ ਦੇ ਆਰਟੀਕਲ 19 ਵਿੱਚ ਭਾਰਤ ਵਾਸੀਆਂ ਲਈ ਮੁੱਢਲੇ ਅਧਿਕਾਰਾਂ ਦਾ ਵਰਣਨ ਕੀਤਾ ਗਿਆ ਹੈ। ਆਰਟੀਕਲ 19 ਦੀ ਅਨੁਸੂਚੀ ਵਿੱਚ ਭਾਰਤੀ ਨਾਗਰਿਕਾਂ ਲਈ ਸੱਤ ਕਿਸਮ ਦੀ ਅਜ਼ਾਦੀ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਨੂੰ ਮੁੱਢਲੇ ਅਧਿਕਾਰ ਕਿਹਾ ਗਿਆ ਹੈ। ਅਨੁਛੇਦ 23 ਅਤੇ 24 ਵਿੱਚ ਸ਼ੋਸਣ ਵਿਰੁੱਧ ਅਧਿਕਾਰਾਂ ਦੀ ਵਰਤੋਂ ਦਾ ਵਰਨਣ ਕੀਤਾ ਗਿਆ ਹੈ। ਜਿਸ ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਫੈਕਟਰੀਆਂ, ਖਾਣਾਂ ਅਤੇ ਕੋਈ ਬੋਝ-ਭਾਰ ਦੇ ਕੰਮ ਕਰਨ ਦੀ ਮਨਾਹੀ ਕੀਤੀ ਗਈ ਹੈ। ਆਰਟੀਕਲ 31 ਭਾਰਤੀ ਨਾਗਰਿਕਾਂ ਦੀ ਸੰਪਤੀ ਦੀ ਸਾਂਭ-ਸੰਭਾਲ ਅਤੇ ਰਖਵਾਲੀ ਦੀ ਗਰੰਟੀ ਦਿੰਦਾ ਹੈ। ਅਨੁਛੇਦ 38 ਵਿੱਚ ਭਾਰਤੀ ਨਾਗਰਿਕਾਂ ਲਈ ਸਮਾਜਿਕ ਸੁਰੱਖਿਆ ਅਤੇ ਸਮਾਜ ਭਲਾਈ ਦੇ ਹੱਕਾਂ ਦੀ ਰਾਖੀ ਦੀ ਗੱਲ ਕੀਤੀ ਗਈ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 39 ਦੀ ਕੋਲਾਜ 'A' ਸੂਚੀ ਵਿੱਚ ਹੈ ਕਿ ਭਾਰਤੀ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਸਮਾਜਿਕ ਨਿਆਂ ਦੀ ਬਰਾਬਰੀ ਦਿੰਦਾ ਹੈ। ਆਰਥਿਕ ਤੌਰ ਤੇ ਪਛੜੇ ਅਤੇ ਅਪੰਗ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਅਤੇ ਹੋਰ ਸਕੀਮਾਂ ਮੁਹੱਈਆ ਕਰਵਾਉਂਦਾ ਹੈ। ਸੰਵਿਧਾਨ ਦੀ ਅਨੁਛੇਦ 41 ਵਿੱਚ ਭਾਰਤੀ ਨਾਗਰਿਕਾਂ ਲਈ ਕੰਮ ਕਰਨ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਦਿੰਦਾ ਹੈ। ਬੇਰੋਜਗਾਰੀ, ਬੁਢਾਪਾ, ਬਿਮਾਰੀ ਜਾਂ ਅਪੰਗਤਾ ਕਾਰਨ ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਦਾ ਹੈ। ਹਰ ਇੱਕ ਭਾਰਤੀ ਨਾਲ ਸਹਿਨਸ਼ੀਲਤਾ ਨਾਲ ਪੇਸ਼ ਆਉਣ ਦਾ ਅਧਿਕਾਰ ਹੈ। ਅਨੁਛੇਦ 43 ਵਿਚ ਕਰਮਚਾਰੀਆਂ ਲਈ ਉਨ੍ਹਾਂ ਦੇ ਗੁਜਾਰੇ ਜੋਗੀ ਤਨਖਾਹ ਲੈਣ ਦਾ ਅਧਿਕਾਰ ਹੈ।

ਅਨੁਛੇਦ 46 ਵਿੱਚ ਐਸ.ਸੀ., ਐਸ.ਟੀ ਅਤੇ ਦਬੇ-ਕੁਚਲੇ ਲੋਕਾਂ ਨੂੰ ਸਿੱਖਿਆ ਅਤੇ ਆਰਥਿਕ ਮਜਬੂਤੀ ਦਾ ਅਧਿਕਾਰ ਦਿੰਦਾ ਹੈ। ਸੰਵਿਧਾਨ ਦੀ ਧਾਰਾ 15 (ਇੱਕ) ਵਿਚ ਛੂਤ-ਛਾਤ ਦੇ ਸ਼ਿਕਾਰ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਹੈ। ਜਿਸ ਵਿਚ- ਧਰਮ, ਜਾਤ, ਰੰਗ, ਨਸਲ, ਲਿੰਗ ਆਦਿ ਦੇ ਵਿਤਕਰੇ ਨੂੰ ਰੋਕਿਆ ਗਿਆ ਹੈ। ਇਹ ਸਿਧਾਂਤ ਔਰਤਾਂ,ਬੱਚਿਆਂ ਅਤੇ ਭਾਰਤੀ ਨਾਗਰਿਕ ਜੋ ਸਿੱਖਿਆ ਦੇ ਖੇਤਰ ਵਿਚ ਪਛੜੇ ਹੋਏ ਹਨ ਅਤੇ ਐਸ.ਸੀ, ਐਸ.ਟੀ ਲਈ ਸਪੈਸ਼ਲ ਸਹੂਲਤਾਂ ਦਿੰਦਾ ਹੈ।

ਭਾਰਤੀ ਸੰਵਿਧਾਨ ਅਨੁਛੇਦ 16 ਦੇ ਚੌਥੇ ਭਾਗ ਵਿੱਚ ਪਿਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੀ ਵਿਵਸਥਾ ਹੈ। ਅਨੁਛੇਦ 17 ਵਿਚ ਛੂਤ-ਛਾਤ ਦੀ ਕੁਰੀਤੀ ਨੂੰ ਖਤਮ ਕਰਨ ਦੀ ਵਿਵਸਥਾ ਹੈ। ਇਹ ਅਨੁਛੇਦ ਛੂਤ-ਛਾਤ ਨੂੰ ਪ੍ਰੋਤਸਾਹਿਤ ਕਰਨ ਵਾਲੇ ਨੂੰ ਸਜਾ ਦਿੰਦਾ ਹੈ। ਉਪਰੋਕਤ ਸਾਰਾ ਕੁੱਝ ਭਾਰਤੀ ਲੋਕਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ ਤੇ ਨਿਆਂ ਪ੍ਰਦਾਨ ਕਰਦਾ ਹੈ।

International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

**ਚੈਲੰਜ਼ਿਜ ਇਨ ਸੋਸਿਲ ਜਸਟਿਸ :**

ਭਾਵੇਂ ਭਾਰਤੀ ਸੰਵਿਧਾਨ ਵਿਚ ਬਹੁਤ ਸਾਰੇ ਅਜਿਹੇ ਕਾਨੂੰਨ ਹਨ, ਜਿਹੜੇ ਹਰ ਭਾਰਤੀ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਦੇ ਹਨ ਪ੍ਰੰਤੂ ਅਜ਼ਾਦੀ ਦੇ 70 ਸਾਲਾਂ ਤੋਂ ਬਾਅਦ ਵੀ ਭਾਰਤ ਵਿਚ ਜਾਤ-ਪਾਤ, ਸਮਾਜਿਕ ਨਾ ਬਰਾਬਰੀ, ਸਿੱਖਿਆ ਸਹੂਲਤਾਂ ਦੀ ਘਾਟ, ਔਰਤਾਂ ਦੀ ਨਿਘਰਦੀ ਹੋਈ ਦਸ਼ਾ, ਦਲਿਤਾਂ, ਘੱਟ ਗਿਣਤੀਆਂ, ਮਜ਼ਦੂਰਾਂ ਅਤੇ ਛੋਟ ਮੁਲਜ਼ਮਾਂ ਨੂੰ ਸਮਾਜਿਕ ਨਿਆਂ ਨਹੀਂ ਮਿਲ ਰਿਹਾ ਹੈ। ਭਾਰਤ ਵਿੱਚ ਲਗਭਗ 53 ਪ੍ਰਤੀਸ਼ਤ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਭਾਰਤ ਵਿੱਚ ਪ੍ਰਤੀ ਵਿਅਕਤੀ ਖਰਚ ਦਰ ਇੱਕ ਡਾਲਰ ਪ੍ਰਤੀ ਦਿਨ ਹੈ। ਤਕਰੀਬਨ 16% ਲੋਕ ਹੀ ਘਰਾਂ ਦੀ ਅਰਾਮਦਾਇਕ ਜਿੰਦਗੀ ਅਤੇ ਬਿਜਲੀ ਦਾ ਆਨੰਦ ਮਾਣਦੇ ਹਨ। ਪੇਂਡੂ ਖੇਤਰਾਂ ਵਿਚ ਪੀਣ ਵਾਲੇ ਪਾਣੀ ਅਤੇ ਟੋਆਇਲਟ ਸੀਟਸ ਦੀ ਘਾਟ ਹੈ। ਤਕਰੀਬਨ 71% ਔਰਤਾਂ ਅਨਪੜ੍ਹ ਹਨ ਕੇਵਲ ਕੇਰਲਾ ਅਤੇ ਤਾਮਿਲਨਾਡੂ ਨੂੰ ਛੱਡ ਕੇ । ਨੌਜ਼ਵਾਨ ਵਰਗ ਬੇਰੋਜ਼ਗਾਰੀ ਨਾਲ ਜੂਝ ਰਿਹਾ ਹੈ। ਆਰਥਿਕ ਪਾੜਾ ਦਿਨ-ਬ-ਦਿਨ ਵੱਧ ਰਿਹਾ ਹੈ।

ਭਾਰਤ ਵਿੱਚ ਜਾਤ-ਪ੍ਰਥਾ ਪ੍ਰਚਲਿਤ ਹੈ। ਜਦਕਿ ਯੂਰਪੀਨ ਦੇਸ਼ਾਂ ਵਿੱਚ ਇਸ ਤਰ੍ਹਾਂ ਨਹੀਂ ਹੈ। ਕੀ ਅਜਿਹੇ ਹਾਲਾਤਾਂ ਵਿੱਚ ਅਸੀਂ ਤਰੱਕੀ ਵੱਲ ਵੱਧ ਸਕਦੇ ਹਾਂ? ਸਮਾਜਿਕ ਨਿਆਂ ਦਾ ਮੁੱਢਲਾ ਉਦੇਸ਼ ਸਾਰੇ ਦੇਸ਼ ਵਾਸੀਆਂ ਲਈ ਇੱਕੋ ਜਿਹੀ ਸਿੱਖਿਆ ਪ੍ਰਣਾਲੀ, ਜਾਤ-ਪਾਤ ਰਹਿਤ ਸਮਾਜ ਅਤੇ ਹਰੇਕ ਲਈ ਰੋਜ਼ਗਾਰ ਅਤੇ ਆਰਥਿਕ ਸਮਾਨਤਾ ਹੋਣੀ ਚਾਹੀਦੀ ਹੈ।

ਪਰ ਭਾਰਤੀ ਸਮਾਜ ਜਾਤ-ਪਾਤ ਦੇ ਵਿਤਕਰੇ ਵਿਚ ਗੁਜ਼ਰ ਰਿਹਾ ਹੈ। ਬੇਰੋਜ਼ਗਾਰੀ ਗੰਭੀਰ ਸਮੱਸਿਆ ਧਾਰਨ ਕਰ ਗਈ ਹੈ। ਕੱਟੜ-ਪੰਥੀ ਤਾਕਤਾਂ ਫਲ-ਫੂਲ ਰਹੀਆਂ ਹਨ। ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹੋਣਾ ਪੈ ਰਿਹਾ ਹੈ। ਡਾ. ਅੰਬੇਦਕਰ ਨੇ ਭਾਰਤੀ ਸੰਵਿਧਾਨ ਵਿਚ ਦਲਿਤਾਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਕਈ ਕਾਨੂੰਨ ਬਣਾਏ। ਰਾਖਵਾਂਕਰਨ ਦੀ ਨੀਤੀ ਵੀ ਦਲਿਤਾਂ ਨੂੰ ਸਮਾਜਿਕ, ਆਰਥਿਕ ਤੌਰ ਤੇ ਉੱਪਰ ਚੁੱਕਣ ਦਾ ਅਧਾਰ ਸੀ ਅਤੇ ਇਸ ਨੀਤੀ ਨੂੰ ਸਿੱਖਿਆ ਸੰਸਥਾਵਾਂ ਅਤੇ ਰੋਜ਼ਗਾਰ ਦੇ ਮੌਕਿਆਂ ਵਿਚ ਵੀ ਲਾਗੂ ਕੀਤਾ ਗਿਆ।

ਪਰ ਇਸ ਨੀਤੀ ਦਾ ਉਪਯੋਗ ਉਨਾਂ ਦਲਿਤਾਂ ਤੱਕ ਪਹੁੰਚ ਨਹੀਂ ਸਕਿਆ, ਜਿਨ੍ਹਾਂ ਤੱਕ ਪਹੁੰਚਣਾ ਚਾਹੀਦਾ ਸੀ। ਇਸ ਨੀਤੀ ਦੇ ਅਧੀਨ ਭਾਵੇਂ ਦਲਿਤਾਂ ਨੂੰ ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਵਿਚ ਵੀ ਰਾਖਵਾਂਕਰਨ ਮਿਲਿਆ ਹੈ ਪਰ ਇੰਡਸਟਰੀ, ਮਾਰਕੀਟ, ਮੀਡੀਆ ਆਦਿ ਖੇਤਰਾਂ ਵਿਚ ਇਹ ਵਰਗ ਪਿੱਛੇ ਹੈ।

ਕਬੀਲੇ ਦੇ ਲੋਕ ਭਾਵੇਂ ਜਾਤੀਵਾਦ ਤੋਂ ਬਚੇ ਹੋਏ ਹਨ, ਪਰ ਉਨ੍ਹਾਂ ਦੀ ਵੀ ਆਰਥਿਕ ਦਸ਼ਾ ਮਾੜੀ ਹੈ। ਉਹ ਅਜੇ ਵੀ ਜੜ੍ਹੀਆਂ-ਬੂਟੀਆਂ ਖਾ ਕੇ ਗੁਜਾਰਾ ਕਰਦੇ ਹਨ। ਸਰਕਾਰ ਵੱਲੋਂ ਜਾਰੀ ਕੀਤੀਆਂ ਸਹੂਲਤਾਂ ਉਨਾਂ ਤੱਕ ਨਹੀਂ ਪਹੁੰਚਦੀਆਂ। ਉਦਯੋਗੀਕਰਨ, ਸ਼ਹਿਰੀਕਰਨ ਆਦਿ ਨੇ ਭਾਵੇਂ ਉਨਾਂ ਨੂੰ ਆਪਣੇ ਸਥਾਨ ਛੱਡਣ ਲਈ ਮਜ਼ਬੂਰ ਕੀਤਾ ਹੈ, ਪ੍ਰੰਤੂ ਉਨਾਂ ਨੂੰ ਦੇਸ਼ ਦੀ ਮੁੱਖ ਧਾਰਾ ਵਿੱਚ ਲਿਆਉਣ

ਲਈ ਯੋਗ ਉਪਰਾਲੇ ਨਹੀਂ ਕੀਤੇ ਗਏ। ਭਾਵੇਂ ਰਾਖਵੇਂਕਰਨ ਵਿਚ ਉਨ੍ਹਾਂ ਲਈ ਵੀ ਸੀਟਾਂ ਨਿਰਧਾਰਿਤ ਹਨ ਪਰ ਜਿਆਦਾ ਪਛੜੇ ਹੋਣ ਕਾਰਨ ਇਨ੍ਹਾਂ ਕਬੀਲਿਆਂ ਤੱਕ ਕੋਈ ਉਸਾਰੂ ਨੀਤੀ ਪਹਚ ਹੀ ਨਹੀਂ ਰਹੀ।

**ਘੱਟ ਗਿਣਤੀ** :- ਭਾਰਤ ਇੱਕ ਸੈਕੁਲਰ ਦੇਸ਼ ਹੈ। ਭਾਰਤੀ ਸੰਵਿਧਾਨ ਵਿਚ ਹਰੇਕ ਵਿਅਕਤੀ ਨੂੰ ਆਪੋ-ਆਪਣੇ ਧਰਮ ਦੇ ਅਸੂਲਾਂ ਦੀ ਪਾਲਣਾ ਕਰਨ ਦੀ ਖੁੱਲ ਹੈ। ਪ੍ਰੰਤੂ ਭਾਰਤ ਦੇ ਘੱਟ-ਗਿਣਤੀ-ਕ੍ਰਿਸਚੀਅਨ, ਸਿੱਖ, ਬੁੱਧ, ਜੈਨ, ਮੁਸਲਮਾਨ, ਧਰਮ ਦੇ ਲੋਕਾਂ ਦੀ ਅਸੁਰੱਖਿਆ ਦੀ ਭਾਵਨਾ ਵੱਧ ਗਈ ਹੈ। ਧਰਮ ਦੇ ਆਧਾਰ ਤੇ ਪਸ਼ੂਆਂ ਆਦਿ ਨੂੰ ਵੀ ਵੰਡ ਲਿਆ ਗਿਆ ਹੈ। ਦੇਸ਼ ਦੇ ਅੰਦਰ ਰਹਿ ਰਹੇ ਘੱਟ ਗਿਣਤੀ ਫਿਰਕਿਆਂ ਦੇ ਧਾਰਮਿਕ ਸਥਾਨਾਂ ਨੂੰ ਢਾਹਿਆ ਜਾ ਰਿਹਾ ਹੈ। ਘੱਟ ਗਿਣਤੀਆਂ ਦਾ ਜਬਰੀ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ।

ਦੇਸ਼ ਵਿੱਚ ਅਸਪੱਸ਼ਟਤਾ ਇਸ ਹੱਦ ਤੱਕ ਵੱਧ ਗਈ ਹੈ ਕਿ ਚਾਹੀਦਾ ਤਾਂ ਇਹ ਸੀ ਕਿ ਇਨਸਾਫ ਲਈ ਕੋਰਟ ਵਿਚ ਜਾਇਆ ਜਾਏ, ਪਰ ਜਦੋਂ ਸੁਪਰੀਮ ਕੋਰਟ ਦੇ ਚਾਰ ਜੱਜ ਜਨਤਾ ਦੀ ਕਚਹਿਰੀ ਵਿਚ ਜਾ ਕੇ ਇਨਸਾਫ ਦੀ ਮੰਗ ਕਰਨ ਤਾਂ ਦੇਸ਼ ਦਾ ਭਵਿੱਖ ਕਿੱਧਰ ਨੂੰ ਜਾ ਰਿਹਾ, ਇਹ ਚਿੰਤਾ ਦਾ ਵਿਸ਼ਾ ਹੈ। ਸਾਡੇ ਸੰਵਿਧਾਨ ਵਿਚ ਜਸਟਿਸ ਠੱਗੀ ਮਾਰਨ ਵਾਲਾ ਹੈ। ਵੱਖਰੇ-ਵੱਖਰੇ ਕਮਿਸ਼ਨ ਨੈਸ਼ਨਲ ਹਿਊਮੈਨ ਰਾਇਟਸ ਆਦਿ ਕਿਵੇਂ ਕੰਮ ਕਰਦੇ ਹਨ, ਇਹ ਵੀ ਸੋਚਣ ਵਾਲੀ ਗੱਲ ਹੈ। ਸਿੱਖ ਕੈਦੀਆਂ ਦੀ ਸਜਾ ਪੂਰੀ ਹੋਣ ਤੇ ਵੀ ਉਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। 1984 ਦੇ ਸਿੱਖ ਕਤਲੇਆਮ ਨੂੰ ਕਿਸ ਨੇ ਅੰਜਾਮ ਦਿੱਤਾ, ਇਸ ਸੰਬੰਧੀ ਕਈ ਕਮਿਸ਼ਨ ਬਿਠਾਏ ਗਏ, ਪਰ ਕਿਸੇ ਕਮਿਸ਼ਨ ਨੇ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ। ਇਸ ਤੋਂ ਤਾਂ ਜਾਪਦਾ ਹੈ ਕਿ ਜਿਵੇਂ 1984 ਵਿਚ ਦਿੱਲੀ ਵਿਖੇ ਜਾਂ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ ਹੀ ਨਾ ਹੋਵੇ। ਇਸ ਤਰ੍ਹਾਂ ਘੱਟ ਗਿਣਤੀਆਂ ਦੀ ਇਥੇ ਕੋਈ ਪੁੱਛ-ਪ੍ਰਤੀਤ ਨਹੀਂ ਰਹੀ। ਸਾਡੇ ਦੇਸ਼ ਵਿਚ ਬੱਚੇ, ਅਪਾਹਜ ਅਤੇ ਮੈਂਟਲੀ ਰਿਟਾਇਰਡਜ਼ ਦੀ ਸਾਂਭ-ਸੰਭਾਂਲ ਲਈ ਵਿਸ਼ੇਸ਼ ਉਪਰਾਲੇ ਨਹੀਂ ਕੀਤਾ ਜਾ ਰਹੇ।

**ਔਰਤ** :- ਭਾਰਤੀ ਸੰਵਿਧਾਨ ਵਿਚ ਔਰਤਾਂ ਦੀ ਸੁਰੱਖਿਆ ਲਈ ਕਈ ਕਾਨੂੰਨ ਦਰਜ ਹਨ। ਭਾਵੇਂ ਭਾਰਤੀ ਔਰਤ ਨੇ ਸਿੱਖਿਆ ਦੇ ਤੌਰ 'ਤੇ ਕੁੱਝ ਤਰੱਕੀ ਵੀ ਕੀਤੀ ਹੈ ਪਰ ਦਾਜ ਪ੍ਰਥਾ, ਬਲਾਤਕਾਰ, ਘਰੇਲੂ ਹਿੰਸਾ ਦਾ ਔਰਤ ਨੂੰ ਅਜੇ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦੇ ਯੁੱਗ ਵਿੱਚ ਔਰਤ ਇੱਕ ਭੋਗ-ਵਸਤੂ ਬਣ ਕੇ ਹੀ ਰਹਿ ਗਈ ਹੈ।

**ਕਿਸਾਨ** - ਭਾਰਤ ਵਿਚ ਕਿਸਾਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ। ਕਣਕ, ਝੋਨਾ, ਸਬਜ਼ੀਆਂ ਆਦਿ ਦੇ ਭਾਅ ਉਨੀ ਮਾਤਰਾ ਵਿਚ ਨਹੀਂ ਵੱਧ ਰਹੇ, ਜਿੰਨੀ ਮਾਤਰਾ ਵਿਚ ਸਾਬਣ, ਕੌਸਮੈਟਿਕ, ਸਟੀਲ, ਅਤੇ ਹੋਰ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਸਮਾਨ ਦੇ ਭਾਅ ਵੱਧ ਰਹੇ ਹਨ। ਕਿਸਾਨ ਜਿੰਨੀ ਜਿਣਸ ਵੇਚਦਾ ਹੈ, ਉਸ ਦਾ ਭਾਅ ਸੈਂਟਰ ਸਰਕਾਰ ਨਿਸ਼ਚਿਤ ਕਰਦੀ ਹੈ ਅਤੇ ਜਿੰਨੀ ਚੀਜ ਖਰੀਦਦਾ ਹੈ, ਉਸ ਦਾ ਰੇਟ ਵੀ ਸੈਂਟਰ ਸਰਕਾਰ ਹੀ ਨਿਸ਼ਚਿਤ ਕਰਦੀ ਹੈ। ਦੇਸ਼ ਵਿੱਚ ਅਨਾਜ਼ ਦੀ ਕਮੀ

ਦੇ ਚੱਲਦਿਆਂ ਇੰਦਰਾਗਾਂਧੀ ਨੇ ਬਾਹਰਲੇ ਮੁਲਕਾਂ ਤੋਂ ਅਨਾਜ਼ ਮੰਗਵਾਉਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰਾਨ ਉਸ ਨੂੰ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇੰਦਰਾਗਾਂਧੀ ਨੇ ਖੇਤੀ ਵਿੱਚ ਹਰਾ ਇਨਕਲਾਬ ਲਿਆਉਣ ਲਈ ਵਿਗਿਆਨੀਆਂ ਨੂੰ ਵੰਗਾਰਿਆ। ਹਰੀ ਕ੍ਰਾਂਤੀ ਆਉਣ ਨਾਲ ਖੇਤੀ ਸੈਕਟਰ ਦੀ ਇਨਕਮ ਇਕ-ਦਮ ਵੱਧ ਗਈ। ਇਸ ਤਰ੍ਹਾਂ ਕਿਸਾਨ ਅਤੇ ਖੇਤ ਮਜ਼ਦੂਰ ਦੋਵੇਂ ਹੀ ਖ਼ੁਸ਼ਹਾਲ ਹੋ ਗਏ ਅਤੇ ਅਨਾਜ ਦੇ ਭੰਡਾਰ ਭਰ ਗਏ। ਇਸ ਸਮੇਂ ਦੌਰਾਨ ਵਿਸ਼ਵੀਕਰਨ ਨੇ ਆਪਣੇ ਪਦਾਰਥਵਾਦ ਦਾ ਜਾਲ ਵਿਛਾ ਕੇ ਲੋਕਾਂ ਦੇ ਖਰਚੇ ਵਧਾ ਦਿੱਤੇ। ਖੇਤੀ ਦੀ ਹਰੀ ਕ੍ਰਾਂਤੀ ਨਾਲ ਦੇਸ਼ ਵਿਚ ਅਨਾਜ ਦੇ ਵਾਧੂ ਭੰਡਾਰ ਹੋ ਗਏ ਅਤੇ ਸਮੇਂ ਦੀਆਂ ਸਰਕਾਰਾਂ ਨੇ ਖੇਤੀ ਉਪਜ ਦੀ ਸਹੀ ਕੀਮਤ ਦੇਣ ਤੋਂ ਟਾਲਾ ਵੱਟ ਲਿਆ। ਅਖੀਰ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾਈ ਹੁੰਦਾ ਹੋਇਆ ਖੁਦਕੁਸ਼ੀਆਂ ਦੇ ਰਾਹ ਪੈ ਗਿਆ। ਇਥੇ ਮੈਂ ਇੱਕ ਗੱਲ ਬਾਰੇ ਸੁਚੇਤ ਕਰਨਾ ਚਾਹੁੰਦਾ ਹਾਂ ਕਿ ਅੱਜ ਦੀ ਤਾਰੀਕ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਹੀ ਖੁਦਕੁਸ਼ੀਆਂ ਕਰ ਰਹੇ ਹਨ, ਪਰ ਸਮਾਂ ਅਜਿਹਾ ਆ ਰਿਹਾ ਹੈ, ਸਰਕਾਰ ਦੀਆਂ ਪਾਲਸੀਆਂ ਬੜੀਆਂ ਗਲਤ ਹਨ, ਅਜਿਹੇ ਸਮੇਂ ਦੌਰਾਨ ਮੁਲਾਜ਼ਮ ਵਰਗ ਵੀ ਖੁਦਕੁਸ਼ੀਆਂ ਦੇ ਰਾਹ ਪੈ ਸਕਦਾ ਹੈ। ਕਿਸਾਨਾਂ ਦੀ ਹਾਲਤ ਸੁਧਾਰਨ ਲਈ ਸਵਾਮੀਨਾਥਨ ਰਿਪੋਰਟ ਨਾ ਕਾਂਗਰਸ ਨੇ ਲਾਗੂ ਕੀਤੀ ਅਤੇ ਨਾ ਭਾਜਪਾ ਸਰਕਾਰ ਕਰ ਰਹੀ ਹੈ। ਅਜਿਹੇ ਹਾਲਾਤਾਂ ਵਿਚ ਇਹ ਹੋਵੇਗੀ ਵੀ ਨਹੀਂ, ਜਦੋਂ ਪੰਜਾਬ ਵਿਚਲੀ ਕਿਸਾਨ ਯੂਨੀਅਨ ਦੀਆਂ ਅਲੱਗ-ਅਲੱਗ ਕਈ ਜਥੇਬੰਦੀਆਂ ਹਨ ਅਤੇ ਸੈਂਟਰ ਲੈਵਲ ’ਤੇ ਵੀ ਅਲੱਗ-ਅਲੱਗ 12 ਮਜਬੂਤ ਕਿਸਾਨ ਜਥੇਬੰਦੀਆਂ ਹਨ। ਏਜੰਸੀ ਰਿਪੋਰਟਾਂ ਅਨੁਸਾਰ 2007 ਤੋਂ ਲੈ ਕੇ ਹੁਣ ਤੱਕ 16, 606 ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ, ਜਿਨ੍ਹਾਂ ਵਿਚੋਂ 9600 ਕਿਸਾਨ ਅਤੇ 7000 ਦੇ ਕਰੀਬ ਖੇਤ ਮਜ਼ਦੂਰ ਹਨ ਜੋ ਖੁਦਕੁਸ਼ੀਆਂ ਕਰ ਚੁੱਕੇ ਹਨ। ਇਹ ਰੁਝਾਨ ਹੁਣ ਵੀ ਪ੍ਰਤੀ ਦਿਨ ਜਾਰੀ ਹੈ। ਇੱਕ ਕਿਸਾਨ ਪੰਜ ਕਿਲ੍ਹੇ ਵਿਚ ਖੇਤੀ ਕਰਦਾ ਹੈ। ਜੇਕਰ ਉਸ ਦਾ ਟਿਊਬਵੈੱਲ ਖਰਾਬ ਹੋ ਜਾਂਦਾ ਹੈ ਤਾਂ ਉਸ ਨੂੰ ਘੱਟੋ-ਘੱਟ ਦੋ ਲੱਖ ਰੁਪਏ ਤੁਰੰਤ ਖਰਚਣੇ ਪੈਂਦੇ ਹਨ। ਇਸ ਲਈ ਕਰਜਾ ਲੈਣਾ ਪੈਂਦਾ ਹੈ, ਜੋ ਕਿ ਮੁੜ ਉਤਰਦਾ ਨਹੀਂ ਸਗੋਂ ਵੱਧਦਾ ਜਾਂਦਾ ਹੈ।

ਕਾਂਗਰਸ ਸਰਕਾਰ ਨੇ ਇਲੈਕਸ਼ਨ ਮੁਹਿੰਮ ਦੌਰਾਂਨ ਕਿਸਾਨਾਂ ਦਾ 90,000 ਹਜਾਰ ਕਰੋੜ, ਭਾਵੇਂ ਉਹ ਆੜਤੀ ਦਾ ਹੋਵੇ, ਭਾਵੇਂ ਕਿਸੇ ਵੀ ਬੈਂਕ ਦਾ ਹੋਵੇ, ਸਾਰੇ ਤੇ ਲਾਇਨ ਮਾਰ ਦੇਣ ਦਾ ਵਾਅਦਾ ਕੀਤਾ ਸੀ, ਜੋ ਕਿ ਝੂਠ ਦਾ ਪਲੰਦਾ ਸਾਬਤ ਹੋਇਆ। ਅੱਜ ਕਿਸਾਨਾਂ ਸਿਰ ਪਿਛਲੇ ਸਾਲ ਦਾ ਸਹਿਕਾਰੀ ਬੈਂਕਾਂ ਦਾ 1500 ਕਰੋੜ ਦਾ ਕਰਜਾ ਹੈ। ਸੱਤਾ ਵਿਚ ਆਉਣ ਤੇ ਸਰਕਾਰ ਇਸ ਨੂੰ ਮੁਆਫ ਕਰਨ ਦੀ ਗੱਲ ਕਰ ਰਹੀ ਹੈ। ਇਸ ਦੀ ਸ਼ੁਰੂਆਤ ਮਾਨਸਾ ਤੋਂ ਕੀਤੀ ਗਈ, ਜਿਸ ਵਿਚ ਕਿਸਾਨਾਂ ਦਾ 167 ਕਰੋੜ ਦਾ ਕਰਜਾ ਮੁਆਫ ਕੀਤਾ ਗਿਆ ਅਤੇ 14 ਮਾਰਚ 2018 ਨੂੰ ਨਕੋਦਰ ਵਿਖੇ ਦੂਜੀ ਕਿਸ਼ਤ-162 ਕਰੋੜ ਦਾ ਕਰਜਾ ਮੁਆਫ ਕੀਤਾ ਗਿਆ। ਅਜੇ ਤੱਕ ਕੁੱਲ ਤਿੰਨ ਸੋ ਉਨੱਤੀ (329) ਕਰੋੜ ਦਾ ਕਰਜਾ ਮੁਆਫ ਕੀਤਾ ਗਿਆ। ਇੱਕ ਸਾਲ ਵਿਚ ਇਸ ਕਰਜੇ ਦੀ ਮਿਆਦ ਪੂਰੀ ਹੋ ਜਾਣੀ ਹੈ ਅਤੇ ਨਵੇਂ ਕਰਜੇ ਸ਼ੁਰੂ ਹੋ ਜਾਣੇ ਹਨ। ਹੁਣ ਤੱਕ ਕਰਜੇ ਦਾ ਕੁੱਝ ਹਿੱਸਾ ਹੀ ਵੰਡਿਆ ਗਿਆ ਹੈ, ਬੈਂਕ ਦਾ ਵਿਆਜ ਨਿਰੰਤਰ ਜਾਰੀ ਹੈ ਜੋ ਕਿ ਦਿਨ-ਰਾਤ ਵੱਧਦਾ ਹ। ਇਸੇ ਸਮੇਂ ਦੌਰਾਨ ਨਵਾਂ ਬਜਟ ਆ ਰਿਹਾ ਹੈ, ਇਸ

ਵਿਚ ਨਵੀਂ ਗੱਲ ਕੀ ਹੁੰਦੀ ਹੈ, ਉਹ ਵੀ ਵੇਖਣ ਵਾਲੀ ਗੱਲ ਹੈ। ਕਈ ਕਿਸਾਨਾਂ ਦੀਆਂ ਜਮੀਨਾਂ ਕੁਰਕ ਕੀਤੀਆਂ ਜਾ ਰਹੀਆਂ ਹਨ। ਜਦੋਂ S.D.M.ਵੱਲੋਂ ਕੁਰਕੀ ਦਾ ਇਸਤਿਹਾਰ ਆਉਂਦਾ ਹੈ ਤਾਂ ਕਿਸਾਨ ਹਾਈਕੋਰਟ ਦਾ ਦਰਵਾਜਾ ਖੜਕਾਉਂਦਾ ਹੈ। ਸਰਕਾਰ ਵੱਲੋਂ ਕੁਰਕੀ ਸੰਬੰਧੀ 14 ਮਾਰਚ 2018 ਨੂੰ ਹਾਈਕੋਰਟ ਵਿਚ ਜਵਾਬ ਦਾਇਰ ਕੀਤਾ ਗਿਆ, ਜੋ ਕਿ ਤਸੱਲੀਬਖਸ਼ ਨਹੀਂ ਹੈ। ਇਸ ਵਿਸ਼ੇ ਵਿੱਚ ਸਾਰੀਆਂ ਸਰਕਾਰਾਂ ਦਾ ਇਹੀ ਵਤੀਰਾ ਰਿਹਾ ਹੈ। ਮੁੰਬਈ ਅਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਛੋਟੀਆਂ ਦੁਕਾਨਾਂ ਦੇ ਮਾਲਕਾਂ ਦੀ ਟਰਨ ਔਵਰ ਲੱਖਾਂ- ਕਰੋੜਾਂ ਵਿਚ ਹੈ, ਜਦਕਿ ਕਿਸਾਨਾਂ ਦੀ ਇੱਕ ਏਕੜ ਫਸਲ ਦਾ ਭਾਅ ਹਜਾਰਾਂ ਵਿਚ ਹੈ।

**ਮਜ਼ਦੂਰ** :- ਮਜ਼ਦੂਰਾਂ ਕਰਕੇ ਹੀ ਦੇਸ਼ ਦੀ ਅਰਥ ਵਿਵਸਥਾ ਚੱਲ ਰਹੀ ਹੈ। ਉਦਯੋਗਪਤੀਆਂ ਦਾ ਮੁਨਾਫਾ ਮਜ਼ਦੂਰਾਂ ਦੀ ਸਖਤ ਮਿਹਨਤ ਕਰਕੇ ਹੀ ਵੱਧਦਾ ਹੈ। ਭਾਵੇਂ ਅੱਜ ਦਾ ਯੁੱਗ ਹਾਈ ਟੈਕਨੀਕ, ਕੰਪਿਊਟਰ ਯੁਕਤ ਹੋ ਗਿਆ ਹੈ ਪਰ ਮਜ਼ਦੂਰਾਂ ਦੀ ਮਿਹਨਤ ਨੂੰ ਇਸ ਕਿਰਤ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ। ਪਰ ਸਰਕਾਰਾਂ ਵੱਲੋਂ ਉਦਯੋਗਪਤੀਆਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਪ੍ਰੰਤੂ ਮਜ਼ਦੂਰਾਂ ਦੀ ਆਰਥਿਕ ਹਾਲਤ ਦਿਨ-ਬ-ਦਿਨ ਨਿਘਰਦੀ ਜਾ ਰਹੀ ਹੈ। ਅੱਜ ਕੱਲ ਵਪਾਰੀ ਠੇਕਾ ਅਧਾਰ ਪ੍ਰਣਾਲੀ ਰਾਹੀਂ ਮਜ਼ਦੂਰਾਂ ਦਾ ਹੋਰ ਵੀ ਸ਼ੋਸਣ ਕਰ ਰਹੇ ਹਨ।

**ਕੀ ਹੱਲ ਹੋਵੇ**? ਸਮਾਜਿਕ ਅਨਿਆਂ ਦਾ ਹੱਲ ਸਾਡੇ ਕੋਲ ਹੀ ਹੈ। ਸਾਨੂੰ ਗਰੀਬਾਂ-ਪਛੜੀਆਂ ਸ਼੍ਰੇਣੀਆਂ SC/ST, ਕਿਸਾਨ, ਮਜ਼ਦੂਰ ਦੀਆਂ ਭਾਵਨਾਵਾਂ ਅਤੇ ਜਰੂਰਤਾਂ ਨੂੰ ਛੋਟਾ ਕਰਕੇ ਨਹੀਂ ਵੇਖਣਾ ਚਾਹੀਦਾ। ਸਰਕਾਰ ਨੂੰ ਵਿਤਕਰੇ ਦੀ ਭਾਵਨਾ ਤਿਆਗ ਕੇ, ਸੰਵਿਧਾਨ ਦੀਆਂ ਧਾਰਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ। ਸਮਾਜਿਕ ਨਿਆਂ ਦੇ ਨਾਂ ਤੇ ਭਾਵੇਂ ਕਾਫ਼ੀ ਕੁੱਝ ਕੀਤਾ ਜਾ ਰਿਹਾ ਹੈ ਪਰ ਉਨਾਂ ਨੀਤੀਆਂ ਵਿੱਚ ਸਮਾਜਿਕ ਨਿਆਂ ਦਿਸ ਨਹੀਂ ਰਿਹਾ। ਸਮਾਜਿਕ ਨਿਆਂ ਸਹੀ ਢੰਗ ਨਾਲ ਪ੍ਰਦਾਨ ਕਰਨ ਲਈ ਨੀਤੀਆਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਸਮਾਜ ਵਿੱਚ ਇਕਸੁਰਤਾ ਪੈਦਾ ਹੋ ਸਕੇ। ਇੱਕ ਲੋਕਤੰਤਰਿਕ ਸਰਕਾਰ ਤਾਂ ਹੀ ਕਾਮਯਾਬ ਹੋ ਸਕਦੀ ਹੈ, ਜੇਕਰ ਉਹ ਲੋਕ ਪੱਖੀ ਨੀਤੀਆਂ ਉੱਪਰ ਵੱਧ ਪੈਸਾ ਖਰਚ ਕਰੇ। ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰੇ। ਖੇਤੀਬਾੜੀ ਜਿਣਸ ਦਾ ਵੱਧ ਮੁੱਲ ਅਤੇ ਸਹਾਇਕ ਧੰਦਿਆਂ ’ਤੇ ਵੱਧ ਸਬਸਿਡੀ ਦੇਵੇ। ਖੇਤੀ ਅਧਾਰਿਤ ਛੋਟੇ ਉਦਯੋਗਾਂ ਨੂੰ ਉੱਨਤ ਕਰਨਾ ਚਾਹੀਦਾ ਹੈ ਤਾਂ ਕਿ ਛੋਟੇ ਕਿਸਾਨਾਂ ਅਤੇ ਭੂਮੀ-ਹੀਣ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਹ ਪਿੰਡ ਛੱਡ ਕੇ ਸ਼ਹਿਰਾਂ ਵੱਲ ਪ੍ਰਵਾਸ ਨਾ ਕਰਨ।

ਸਰਕਾਰ ਦੁਆਰਾ ਦੇਸ਼ ਦੇ ਅਮੀਰ ਲੋਕਾਂ ਨੂੰ ਸਬਸਿਡੀ ਦੇ ਰੂਪ ਵਿੱਚ ਖੁੱਲੇ ਗੱਫੇ ਦਿੱਤੇ ਜਾਂਦੇ ਹਨ ਅਤੇ ਉਹ ਉਸ ਪੈਸੇ ਨਾਲ ਆਪਣੀ ਐਸ਼ੋ-ਇਸ਼ਰਤ ਭਰੀ ਜਿੰਦਗੀ ਜਿਉਂਦੇ ਹਨ। ਉਹ ਇਨ੍ਹਾਂ ਪੈਸਿਆਂ ਨੂੰ ਵਾਪਸ ਮੋੜਨ ਲਈ ਵੀ ਪਾਬੰਦ ਨਹੀਂ ਹਨ। ਸੋਚਣ ਵਾਲੀ ਗੱਲ ਹੈ ਕਿ ਸਰਕਾਰ ਅਮੀਰਾਂ ਨੂੰ ਕਿਵੇਂ ਸਬਸਿਡੀ ਦੇ ਰੂਪ ਵਿਚ ਖੁੱਲੇ ਗੱਫੇ ਪ੍ਰਦਾਨ ਕਰ ਰਹੀ ਹੈ। ਪਿਛਲੇ ਦਿਨੀਂ ਅਖਬਾਰਾਂ ਵਿਚ ਆਇਆ ਸੀ ਕਿ ਅੰਮ੍ਰਿਤਸਰ ਏਅਰ ਪੋਰਟ ਤੋਂ ਜਹਾਜਾਂ ਦੀ ਉਡਾਣ ਲਈ ਕਈ ਸੌ ਕਰੋੜ ਦੀ ਸਬਸਿਡੀ ਹਵਾਈ

e-ISSN: 2348-6848
p-ISSN: 2348-795X
Volume 05 Issue 12
April 2018

ਕੰਪਨੀਆਂ ਨੂੰ ਦਿੱਤੀ ਜਾ ਰਹੀ ਹੈ। ਪਿਛਲੇ ਸਾਲ ਯੂ.ਪੀ. ਸਰਕਾਰ ਨੇ ਇੰਡਸਟਰੀ ਲੋਨ ਦੇ ਚਾਰ ਲੱਖ ਕਰੋੜ ਦੇ ਕਰਜੇ ਮੁਆਫ ਕੀਤੇ ਹਨ। ਇਸ ਤਰ੍ਹਾਂ ਕੁੱਲ ਮਿਲਾ ਕੇ ਭਾਰਤ ਅੰਦਰ 14-15 ਲੱਖ ਕਰੋੜ ਦੇ ਕਰਜੇ ਇੰਡਸਟਰੀ ਸੈਕਟਰ ਦੇ ਮੁਆਫ ਕੀਤੇ ਗਏ ਹਨ। ਅਜਿਹੇ ਹਾਲਾਤਾਂ ਵਿੱਚ ਜਰੂਰੀ ਹੋ ਜਾਂਦਾ ਹੈ ਕਿ ਐਗਰੀਕਲਚਰ ਸੈਕਟਰ ਲਈ ਵੀ ਇੱਕ ਸਪੈਸ਼ਲ ਬਜਟ ਸਿੱਧੀ ਸਬਸਿਡੀ ਦੇ ਰੂਪ ਵਿਚ ਰੱਖਿਆ ਜਾਣਾ ਚਾਹੀਦਾ ਹੈ। ਐਗਰੀਕਲਚਰ ਸੈਕਟਰ ਨੂੰ ਸਬਸਿਡੀ ਦੇਣੀ ਹੀ ਪੈਂਦੀ ਹੈ। ਦੁਨੀਆਂ ਦੇ ਬਹੁਤੇ ਦੇਸ਼ ਇਹ ਦੇ ਰਹੇ ਹਨ। ਇੱਥੇ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਖੇਤੀ ਸੈਕਟਰ ਇੱਕ ਵੱਡੇ ਵਰਗ ਨੂੰ ਰੁਜ਼ਗਾਰ ਦੇ ਕੇ ਬੇਰੋਜ਼ਗਾਰੀ ਦੀ ਭਿਆਨਕ ਬਿਮਾਰੀ ਤੋਂ ਬਚਾਉਂਦਾ ਹੈ ਅਤੇ ਕਈ ਵੱਡੇ ਉਦਯੋਗ ਖੇਤੀਬਾੜੀ ਦੇ ਆਧਾਰ ਤੇ ਹੀ ਚੱਲ ਰਹੇ ਹਨ। ਖੇਤ ਮਜ਼ਦੂਰਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਲਿਆਉਣਾ ਵੀ ਬਹੁਤ ਜਰੂਰੀ ਹੈ। ਉਹਨਾਂ ਨੂੰ ਮੁੱਢਲੀਆਂ ਸਹੂਲਤਾਂ ਫਰੀ ਮਿਲਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਦੇਸ਼ ਵਿੱਚ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰਨੇ ਚਾਹੀਦੇ ਹਨ ਅਤੇ ਗਰੀਬੀ ਨੂੰ ਦੂਰ ਕਰਨ ਦੀ ਨੀਤੀ ਅਪਣਾਉਣੀ ਚਾਹੀਦੀ ਹੈ। ਜੇਕਰ ਸਰਕਾਰ ਇਮਾਨਦਾਰੀ ਨਾਲ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰੇ ਤਾਂ ਜਿਹੜੇ ਨੌਜ਼ਵਾਨ ਵਿਦੇਸ਼ਾਂ ਵਿਚ ਜਾਣ ਸਮੇਂ ਦੇਸ਼ ਦਾ ਹਜਾਰਾਂ ਕਰੋੜ ਰੁਪਈਆ ਪ੍ਰਤੀ ਸਾਲ ਲੈ ਜਾਂਦੇ ਹਨ, ਉਹ ਦੇਸ਼ ਦੀ ਤਰੱਕੀ ਵਿਚ ਲਗਾਇਆ ਜਾ ਸਕਦਾ ਹੈ। ਪਿਛਲੇ ਸਾਲ 2017-18 ਵਿਚ ਇਕੱਲੇ ਪੰਜਾਬ ਵਿਚੋਂ ਢਾਈ ਲੱਖ (2,50,000/-) ਵਿਦਿਆਰਥੀ ਬਾਹਰ ਕੈਨੇਡਾ, ਆਸਟ੍ਰੇਲੀਆ ਗਿਆ ਹੈ ਅਤੇ ਇਸ ਸਮੇਂ ਦੌਰਾਨ ਅਠਾਸੀ ਹਜਾਰ ਕਰੌੜ (88,000) ਰੁਪਇਆ ਪੰਜਾਬ ਤੋਂ ਕੈਨੇਡਾ, ਆਸਟਰੇਲੀਆ ਸਿੱਧੇ ਰੂਪ ਵਿਚ ਚਲਾ ਗਿਆ ਹੈ। ਇਸੇ ਤਰ੍ਹਾਂ ਸਾਡੇ ਸਕਿਲਡ ਵਿਦਿਆਰਥੀ, ਜਿਨ੍ਹਾਂ ਦੀ ਕੁਸ਼ਲਤਾ ਲਈ ਅਸੀਂ ਕਰੋੜਾਂ ਖਰਚਿਆ ਸੀ, ਉਹ ਵੀ ਬਾਹਰਲੇ ਦੇਸ਼ਾਂ ਦੀ ਆਰਥਿਕਤਾ ਵਿਚ ਭਾਗੇਦਾਰੀ ਪਾਉਣ ਲਈ ਪਹੁੰਚ ਗਿਆ ਹੈ।

ਦੇਸ਼ ਦੀ ਤਰੱਕੀ ਲਈ ਸਭ ਤੋਂ ਜਰੂਰੀ ਹੈ ਕਿ ਦੇਸ਼ ਵਿੱਚ ਕਰਪਸ਼ਨ ਦਾ ਖਾਤਮਾ ਹੋਵੇ। ਬੇਈਮਾਨ ਅਤੇ ਭ੍ਰਿਸ਼ਟ ਲੋਕਾਂ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ। ਪਿਛਲੇ ਦਿਨੀ ਬੀ.ਬੀ.ਸੀ 'ਤੇ ਖਬਰ ਆਈ ਸੀ ਕਿ ਨੋਰਥ ਕੋਰੀਆ ਦੇ ਪ੍ਰੈਜੀਡੈਂਟ ਨੇ ਜੋ ਕੁਰੱਪਟ ਅਧਿਕਾਰੀ ਨੇ ਓਨ੍ਹਾਂ ਨੂੰ ਉਨਾਂ ਦੀਆਂ ਪਤਨੀਆਂ ਸਮੇਤ ਪਬਲਿਕ ਤੌਰ ਤੇ ਗੋਲੀ ਮਾਰਨ ਦੀ ਸਜਾ ਦਿੱਤੀ ਸੀ। ਮੈਂ ਸੋਚਦਾ ਹਾਂ ਕਿ ਸਾਡੇ ਦੇਸ਼ ਨੂੰ ਵੀ ਇਸ ਤਰ੍ਹਾਂ ਦੇ ਸਖਤ ਕਾਨੂੰਨ ਦੀ ਲੋੜ ਹੈ।

ਘੱਟ ਗਿਣਤੀਆਂ ਦਾ ਸਤਿਕਾਰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਸਵੈ ਰੁਜ਼ਗਾਰ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਨੀਤੀ ਅਪਣਾਈ ਜਾਵੇ, ਜਿਸ ਵਿੱਚ ਸਾਰੇ ਜਾਤਾਂ-ਧਰਮਾਂ ਦੇ ਲੋਕਾਂ ਨੂੰ ਬਰਾਬਰ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਨਿਆਂ ਨਾਲ ਹੀ ਭਾਰਤ ਵਰਗਾ ਦੇਸ਼ ਤਰੱਕੀ ਕਰ ਸਕਦਾ ਹੈ, ਕਿਉਂਕਿ ਜੇਕਰ ਭਾਰਤ ਦੇ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਲਾਗੂ ਕੀਤਾ ਜਾਵੇ ਤਾਂ

e-ISSN: 2348-6848
p-ISSN: 2348-795X
Volume 05 Issue 12
April 2018

ਇਸ ਦੇਸ਼ ਵਿਚ ਕਿਸੇ ਤਰ੍ਹਾਂ ਦਾ ਭੇਦ-ਭਾਵ ਨਹੀਂ ਹੋਵੇਗਾ ਅਤੇ ਦੇਸ਼ ਇੱਕ ਸੁਪਰ-ਪਾਵਰ ਬਣਨ ਦੀ ਸਮਰੱਥਾ ਵੱਲ ਵੱਧ ਸਕੇਗਾ।

## REFERNECES

1. www.legalservcieindia.com.articles.soft
2. Shodhgana.infibnet.ac.in
3. www.important.india.com
4. Human right and social justice [editor Dr. Ajay Kumar Singh]
5. Indian social justice
6. A case for review published by partridge Publishing. By L.M. Khanna ISBN-101482819341